# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 13 ਅਗਸਤ 2026 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਅਰਪਨ ਲਿਖਾਰੀ ਸਭਾ ਦੀ ਮਾਸਿਕ ਮਿਲਣੀ ਬਾਬੂ ਰਜਬ ਅਲੀ ਨੂੰ ਸਮਰਪਿਤ ਰਹੀ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਕੈਲਗਰੀ, 13 ਅਗਸਤ : ਅਰਪਨ ਲਿਖਾਰੀ ਸਭਾ ਦੀ ਅਗਸਤ ਮਹੀਨੇ ਦੀ ਮਾਸਿਕ ਮਿਲਣੀ ਕੋਸੋ ਹਾਲ ਵਿਖੇ ਹੋਈ। ਇਹ ਸਮਾਗਮ ਪੰਜਾਬੀ ਦੇ ਮਹਾਨ ਲੋਕ-ਕਵੀ ਬਾਬੂ ਰਜਬ ਅਲੀ ਖ਼ਾਨ ਦੀ 132ਵੀਂ ਜਨਮ ਵਰ੍ਹੇਗੰਢ ਨੂੰ ਸਮਰਪਿਤ ਰਿਹਾ। ਪ੍ਰਧਾਨਗੀ ਜਸਵੰਤ ਸਿੰਘ ਸੇਖੋਂ, ਜਰਨੈਲ ਤੱਗੜ ਅਤੇ ਬੀਬੀ ਕਿਰਨਜੋਤ ਕੌਰ ਨੇ ਕੀਤੀ। ਸਮਾਗਮ ਦੇ ਆਰੰਭ ਵਿੱਚ ਸਭਾ ਦੇ ਮੈਂਬਰ ਲਖਵਿੰਦਰ ਜੌਹਲ ਦੇ ਨੌਜਵਾਨ ਸਪੁੱਤਰ ਸੁਖਦੀਪ ਜੌਹਲ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਗਈ।

ਸਕੱਤਰ ਦਰਸ਼ਨ ਸਿੰਘ ਬਰਾੜ ਨੇ ਸ਼ਹੀਦ ਊਧਮ ਸਿੰਘ ਨੂੰ 'ਊਧਮ ਸਿੰਘ ਨੇ ਭਾਜੀ ਮੋੜੀ ਅਤਿਆਚਾਰਾਂ ਦੀ' ਰਾਹੀਂ ਅਕੀਦਤ ਭੇਟ ਕੀਤੀ। ਸੋਹਣ ਸਿੰਘ ਭੁੱਚੋ, ਸੁਖਮੰਦਰ ਸਿੰਘ ਗਿੱਲ, ਜਤਿੰਦਰ ਕੈਂਥ ਅਤੇ ਡਾ. ਮਨਮੋਹਨ ਬਾਠ ਨੇ ਗੀਤਾਂ ਰਾਹੀਂ ਹਾਜ਼ਰੀ ਲੁਆਈ। ਗੁਰਚਰਨ ਸਿੰਘ ਹੇਅਰ ਨੇ 'ਭੁੱਲੀਂ ਨਾ ਜਵਾਨੀਏਂ ਤੂੰ ਤੋਰ ਨੀਂ' ਰਾਹੀਂ ਨੌਜਵਾਨੀ ਨੂੰ ਸੇਧ ਦਿੱਤੀ। ਸੁਰਿੰਦਰ ਗੀਤ ਨੇ ਆਪਣੀ ਕਵਿਤਾ 'ਆਪਣੀ ਆਪਣੀ ਮਨ ਦੀ ਮਮਟੀ ਉੱਤੇ ਦੀਵੇ ਧਰੀਏ' ਅਤੇ ਲਖਵਿੰਦਰ ਸਿੱਧੂ ਨੇ 'ਹਿਜ਼ਰਾਂ ਦੇ ਪੰਧ ਨੇ ਲੰਮੇ' ਪੇਸ਼ ਕੀਤੀ। ਜਰਨੈਲ ਤੱਗੜ ਅਤੇ ਸਰਵਣ ਸਿੰਘ ਸੰਧੂ ਨੇ ਵੀ ਵਿਚਾਰ ਸਾਂਝੇ ਕੀਤੇ।

ਮੁਖਿੰਦਰਪਾਲ ਸਿੰਘ ਉੱਪਲ ਨੇ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਜਵਾਨੀ' ਦਮਦਾਰ ਆਵਾਜ਼ ਵਿੱਚ ਪੇਸ਼ ਕੀਤੀ। ਮੋਹਨ ਸਿੰਘ ਪਪਰਾਲਾ, ਤਾਜਬੀਰ ਸਿੰਘ ਅਤੇ ਚਰਨਦੀਪ ਕੌਰ ਨੇ ਕਵਿਤਾਵਾਂ ਅਤੇ ਜਸਵੀਰ ਸਿਹੋਤਾ ਨੇ ਦੋਹੇ ਸੁਣਾਏ। ਜ਼ੀਰ ਸਿੰਘ ਬਰਾੜ ਨੇ ਬਾਬੂ ਰਜਬ ਅਲੀ ਦੇ ਪਿੰਡ ਸਾਹੋਕੇ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ, ਜਦਕਿ ਮਾਸਟਰ ਹਰਭਜਨ ਸਿੰਘ ਨੇ ਗੁਰਨਾਮ ਸਿੰਘ ਤੀਰ ਦਾ ਵਿਅੰਗਮਈ ਲੇਖ ਪੜ੍ਹ ਕੇ ਹਾਸ-ਰਸ ਪੈਦਾ ਕੀਤਾ।

ਜੈ ਸਿੰਘ ਉੱਪਲ ਨੇ ਆਪਣੇ ਇਨਕਲਾਬੀ ਦੇਸ਼ਭਗਤ ਬਾਬਾ ਜੀ ਬਾਲ ਸਿੰਘ ਉੱਪਲ ਦੇ ਸੰਘਰਸ਼ਮਈ ਜੀਵਨ ਅਤੇ ਜੈਤੋ ਤੇ ਗੁਰੂ ਕੇ ਬਾਗ ਦੇ ਮੋਰਚਿਆਂ ਨਾਲ ਸਬੰਧਤ ਦੁਰਲੱਭ ਇਤਿਹਾਸਕ ਜਾਣਕਾਰੀ ਸਾਂਝੀ ਕੀਤੀ। ਜਸਵੰਤ ਸਿੰਘ ਸੇਖੋਂ ਨੇ ਡੋਲੀ ਛੰਦ ਰਾਹੀਂ 2015 ਦੇ ਪੰਜਾਬ ਹੜ੍ਹਾਂ ਦੀ ਦੁਖਦਾਈ ਦਾਸਤਾਨ ਪੇਸ਼ ਕੀਤੀ। ਸਰੂਪ ਸਿੰਘ ਮੰਡੇਰ ਨੇ ਕਵੀਸ਼ਰੀ ਦੇ ਰੰਗ ਵਿੱਚ ਤਰਜ਼ ਕਲੀ ਪੇਸ਼ ਕੀਤੀ।

ਬਾਬੂ ਰਜਬ ਅਲੀ ਨੂੰ ਸਮਰਪਿਤ ਕਵੀਸ਼ਰੀ ਵਿੱਚ ਜਗਦੇਵ ਸਿੱਧੂ ਨੇ ਆਪਣੀ ਕਵਿਤਾ ਪੇਸ਼ ਕੀਤੀ ਅਤੇ ਸਤਨਾਮ ਸਿੰਘ ਢਾਅ ਨੇ ਜੋਗਾ ਸਿੰਘ ਜੋਗੀ ਦੀ ਰਚੀ ਕਵੀਸ਼ਰੀ ਰਾਹੀਂ ਸਮਾਜਿਕ ਵਰਤਾਰੇ ਦੀ ਤਸਵੀਰ ਪੇਸ਼ ਕੀਤੀ। ਸੱਸੀ-ਪੁੰਨੂੰ ਦੀ ਪ੍ਰੇਮ-ਗਾਥਾ ਨਾਲ ਜੁੜੀ ਕਵੀਸ਼ਰੀ ਨੇ ਵੀ ਸਰੋਤਿਆਂ ਨੂੰ ਪ੍ਰਭਾਵਿਤ ਕੀਤਾ। ਕਵੀਸ਼ਰਾਂ ਨੇ ਬੁਲੰਦ ਆਵਾਜ਼ ਵਿੱਚ ਪੇਸ਼ਕਾਰੀ ਕਰਕੇ ਅਲੋਪ ਹੋ ਰਹੀ ਕਵੀਸ਼ਰੀ ਕਲਾ ਨੂੰ ਸਾਂਭਣ ਦੀ ਵਚਨਬੱਧਤਾ ਪ੍ਰਗਟਾਈ।

ਤਰਲੋਕ ਸਿੰਘ ਚੁੱਘ ਨੇ ਚੁਟਕਲਿਆਂ ਰਾਹੀਂ ਹਾਸ-ਰਸ ਪੈਦਾ ਕੀਤਾ। ਬਲਕਾਰ ਸਿੰਘ ਦਿਉਲ, ਮਹਿੰਦਰ ਕੌਰ ਕਾਲੀਰਾਏ, ਸੁਖਦੇਵ ਕੌਰ ਢਾਅ, ਕਿਰਨਜੋਤ ਕੌਰ ਹੁੰਜਣ ਅਤੇ ਸਤਨਾਮ ਸ਼ੇਰਗਿੱਲ ਨੇ ਸਾਹਿਤਕ ਚਰਚਾ ਵਿੱਚ ਯੋਗਦਾਨ ਪਾਇਆ।

ਅੰਤ ਵਿੱਚ ਪ੍ਰਧਾਨ ਜਸਵੰਤ ਸਿੰਘ ਸੇਖੋਂ ਨੇ ਸਮੂਹ ਪੇਸ਼ਕਾਰਾਂ ਦੀ ਸ਼ਲਾਘਾ ਕਰਦਿਆਂ ਭਰਵੀਂ ਹਾਜ਼ਰੀ ਲਈ ਸਾਰਿਆਂ ਦਾ ਧੰਨਵਾਦ ਕੀਤਾ।

## ਸ਼ਾਨਦਾਰ ਰਿਹਾ 'ਮਹਿਕਦੇ ਅਲਫ਼ਾਜ਼ ਸਾਹਿਤ ਸਭਾ' ਦਾ ਸਾਵਣ ਕਵੀ ਦਰਬਾਰ

### ਸਾਹਿਤਕਾਰਾਂ ਨੇ ਸਾਵਣ ਦੀਆਂ ਰੰਗ-ਬਿਰੰਗੀਆਂ ਰਚਨਾਵਾਂ ਨਾਲ ਬੰਨ੍ਹਿਆ ਸਮਾਂ

ਵਰਲਡ ਪੰਜਾਬੀ ਟਾਈਮਜ਼
ਅੰਜੂ ਅਮਨਦੀਪ ਗਰੋਵਰ




ਚੰਡੀਗੜ੍ਹ- 13 ਅਗਸਤ : ਮਹਿਕਦੇ ਅਲਫ਼ਾਜ਼ ਸਾਹਿਤ ਸਭਾ' ਵੱਲੋਂ ਸਾਵਣ ਦੇ ਸੁਹਾਵਣੇ ਮੌਸਮ ਨੂੰ ਸਮਰਪਿਤ ਸਾਵਣ ਕਵੀ ਦਰਬਾਰ ਔਨਲਾਈਨ ਜ਼ੂਮ ਪਲੇਟਫਾਰਮ ਰਾਹੀਂ ਬੜੀ ਸ਼ਾਨੋ-ਸ਼ੌਕਤ ਅਤੇ ਸਾਹਿਤਕ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਸਮਾਗਮ ਵਿੱਚ ਤਰਵਿੰਦਰ ਕੌਰ ਖਾਲਸਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਨਾਮਵਰ ਸ਼ਾਇਰ ਹਰਜਿੰਦਰ ਸਿੰਘ ਪਾਤਰ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਗ਼ਜ਼ਲਗੋ ਅਮਰਜੀਤ ਸਿੰਘ ਜੀਤ ਅਤੇ ਨਾਮਵਰ ਸ਼ਾਇਰਾ ਡਾ. ਗੁਰਮਿੰਦਰ ਕੌਰ ਸਿੱਧੂ ਗੈਸਟ ਆਫ਼ ਆਨਰ ਵਿਸ਼ੇਸ਼ ਵੱਜੋਂ ਸ਼ਾਮਲ ਹੋਏ।

ਸਮਾਗਮ ਦੇ ਆਰੰਭ ਵਿੱਚ ਸਭਾ ਦੀ ਸੰਸਥਾਪਕ ਤੇ ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆ ਨੇ ਮੋਹ-ਭਿੱਜੇ ਸ਼ਬਦਾਂ ਨਾਲ ਸਮੂਹ ਮਹਿਮਾਨਾਂ, ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਦਾ ਨਿੱਘਾ ਸਵਾਗਤ ਕੀਤਾ। ਸਭਾ ਦੀ ਸਰਪ੍ਰਸਤ ਅਤੇ ਕੌਮੀ ਤੇ ਰਾਜ ਪੁਰਸਕਾਰ ਵਿਜੇਤਾ ਡਾ. ਗੁਰਚਰਨ ਕੌਰ ਕੋਚਰ ਨੇ ਵੀ ਸਭ ਨੂੰ ਜੀ ਆਇਆਂ ਆਖਿਆ ਅਤੇ ਡਾ. ਰਵਿੰਦਰ ਕੌਰ ਭਾਟੀਆ ਦੇ ਸਮੇਤ ਸਮੁੱਚੀ ਟੀਮ ਵੱਲੋਂ ਕਰਵਾਏ ਗਏ ਇਸ ਵਿਸ਼ੇਸ਼ ਸਾਹਿਤਕ ਸਮਾਗਮ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਅਜਿਹੇ ਉਪਰਾਲੇ ਨਿਰੰਤਰ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।




ਪ੍ਰੋਗਰਾਮ ਦਾ ਆਗਾਜ਼ ਨਾਮਵਰ ਗੀਤਕਾਰ ਡਾ. ਮੀਤਾ ਖੰਨਾ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਸੁਰਿੰਦਰ ਕੌਰ ਜੀ ਦਾ ਗੀਤ ਪੇਸ਼ ਕਰਕੇ ਕੀਤੀ। ਇਸ ਉਪਰੰਤ ਪ੍ਰੋ. ਤਰਿੰਦਰ ਕੌਰ ਨੇ ਸਾਵਣ ਨਾਲ ਸਬੰਧਿਤ ਆਪਣੀਆਂ ਛੋਟੀਆਂ ਰਚਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਇਸੇ ਲੜੀ ਨੂੰ ਅੱਗੇ ਵਧਾਉਂਦਿਆਂ ਵੱਖ-ਵੱਖ ਸਾਹਿਤਕਾਰਾਂ ਨੇ ਸਾਵਣ ਦੀ ਰੁੱਤ, ਕੁਦਰਤ, ਪਿਆਰ ਅਤੇ ਮਨੁੱਖੀ ਭਾਵਨਾਵਾਂ ਨਾਲ ਜੁੜੀਆਂ ਆਪਣੀਆਂ ਰਚਨਾਵਾਂ ਪੇਸ਼ ਕਰਕੇ ਮੰਚ ਨੂੰ ਰੰਗੀਨ ਬਣਾ ਦਿੱਤਾ।

ਕਵੀ ਦਰਬਾਰ ਵਿੱਚ ਸਿਮਰਪਾਲ ਕੌਰ ਬਠਿੰਡਾ ,ਮਨਦੀਪ ਕੌਰ ਭਦੌੜ, ਡਾ. ਰਜ਼ਾਕ ਸ਼ਾਹਿਦ, ਪਰਵੀਨ ਕੌਰ ਸਿੱਧੂ, ਅੰਜੂ ਬਾਲਾ, ਵਿਸ਼ਾਖਾ ਪੁਰੀ, ਕੁਲਵਿੰਦਰ ਕੌਰ ਨੰਗਲ , ਡਾ.ਹਰਮੀਤ ਕੌਰ ਮੀਤ, ਅਤੇ ਮਨਿੰਦਰ ਕੌਰ ਬੱਸੀ ਆਦਿ ਸਾਹਿਤਕਾਰਾਂ ਨੇ ਵੀ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ।

ਸਮਾਗਮ ਦਾ ਮੰਚ ਸੰਚਾਲਨ ਸਭਾ ਦੀ ਮੀਤ ਪ੍ਰਧਾਨ ਅੰਜੂ ਅਮਨਦੀਪ ਗਰੋਵਰ ਅਤੇ ਸ਼ਾਇਰਾ ਨੀਤੂ ਸ਼ਾਇਰਾ ਵੱਲੋਂ ਬਾਖੂਬੀ ਕੀਤਾ ਗਿਆ। ਉਨ੍ਹਾਂ ਨੇ ਆਪਣੀ ਸੁਚੱਜੀ ਮੰਚ ਸੰਚਾਲਨ ਕਲਾ ਨਾਲ ਪੂਰੇ ਪ੍ਰੋਗਰਾਮ ਨੂੰ ਲੜੀਬੱਧ ਅਤੇ ਰੌਚਕ ਬਣਾਈ ਰੱਖਿਆ। ਸਭਾ ਦੀ ਮੀਡੀਆ ਸਕੱਤਰ ਸਰਬਜੀਤ ਕੌਰ ਹਾਜੀਪੁਰ ਨੇ ਵੀ ਆਪਣੀ ਰਚਨਾ ਪੇਸ਼ ਕਰਕੇ ਸਰੋਤਿਆਂ ਦੀ ਵਾਹ-ਵਾਹ ਖੱਟੀ।

ਸਮਾਗਮ ਦੇ ਅੰਤਲੇ ਪੜਾਅ ਵਿੱਚ ਮੁੱਖ ਮਹਿਮਾਨ ਤਰਵਿੰਦਰ ਕੌਰ ਖਾਲਸਾ ਅਤੇ ਪ੍ਰਧਾਨਗੀ ਕਰ ਰਹੇ ਹਰਜਿੰਦਰ ਸਿੰਘ ਪਾਤਰ ਨੇ ਪ੍ਰੋਗਰਾਮ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸਾਹਿਤਕਾਰਾਂ ਨੂੰ ਹੱਲਾਸ਼ੇਰੀ ਦਿੱਤੀ। ਵਿਸ਼ੇਸ਼ ਮਹਿਮਾਨ ਡਾ. ਗੁਰਮਿੰਦਰ ਕੌਰ ਸਿੱਧੂ ਨੇ ਵੀ ਪ੍ਰਬੰਧਕਾਂ ਵੱਲੋਂ ਸਾਹਿਤ ਦੇ ਪ੍ਰਚਾਰ-ਪ੍ਰਸਾਰ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ ਅਤੇ ਭਵਿੱਖ ਵਿੱਚ ਵੀ ਅਜਿਹੇ ਸਾਹਿਤਕ ਸਮਾਗਮ ਕਰਵਾਉਣ ਲਈ ਉਤਸ਼ਾਹਿਤ ਕੀਤਾ।

ਅੰਤ ਵਿੱਚ ਸਭਾ ਦੀ ਸਰਪ੍ਰਸਤ ਡਾ. ਗੁਰਚਰਨ ਕੌਰ ਕੋਚਰ ਅਤੇ ਸੰਸਥਾਪਕ ਤੇ ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆ ਨੇ ਸਮਾਗਮ ਵਿੱਚ ਸ਼ਾਮਿਲ ਸਮੂਹ ਸਾਹਿਤਕਾਰਾਂ, ਕਵੀਆਂ, ਅਤੇ ਸਾਹਿਤ ਪ੍ਰੇਮੀਆਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਆਉਣ ਵਾਲੇ ਸਮੇਂ ਵਿੱਚ ਵੀ ਸਾਹਿਤਕ ਗਤੀਵਿਧੀਆਂ ਨੂੰ ਹੋਰ ਵਿਸ਼ਾਲ ਪੱਧਰ 'ਤੇ ਜਾਰੀ ਰੱਖਣ ਦਾ ਭਰੋਸਾ ਦਿੱਤਾ।

ਸਾਵਣ ਦੀ ਰੁੱਤ ਨੂੰ ਸ਼ਬਦਾਂ, ਸੁਰਾਂ ਅਤੇ ਭਾਵਨਾਵਾਂ ਨਾਲ ਜੋੜਦਾ ਇਹ ਕਵੀ ਦਰਬਾਰ ਸਾਹਿਤ ਪ੍ਰੇਮੀਆਂ ਲਈ ਯਾਦਗਾਰ ਬਣ ਗਿਆ।

## ਪ੍ਰਸਿੱਧ ਬਿਜ਼ਨਸਮੈਨ ਮਨਜੀਤ ਸਿੰਘ ਨਰਵਾਲ ਨਾਲ ਗੁਰਮਤਿ ਸਿਧਾਂਤਾਂ ਸਬੰਧੀ ਇੱਕ ਵਿਸ਼ੇਸ਼ ਇਕੱਤਰਤਾ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਕਨੇਡਾ 13 ਅਗਸਤ : ਐਡਮਿੰਟਨ (ਕਨੇਡਾ) ਦੀ ਪ੍ਰਸਿੱਧ ਨਰਵਾਲ ਬਿਲਡਿੰਗ ਵਿਖੇ ਵਿਸ਼ਵ ਪੰਜਾਬੀ ਸਭਾ ਦੀ ਇੱਕ ਵਿਸ਼ੇਸ਼ ਇਕੱਤਰਤਾ ਨਾਮਚੀਨ ਬਿਜ਼ਨਸਮੈਨ ਮਨਜੀਤ ਸਿੰਘ ਨਰਵਾਲ ਦੀ ਰਹਿਨੁਮਾਈ ਹੇਠ ਹੋਈ। ਇਸ ਇਕੱਤਰਤਾ ਵਿੱਚ ਮੁੱਖ ਵਿਸ਼ਾ ਸਿੱਖ ਧਰਮ, ਗੁਰਮਤਿ ਸਿਧਾਂਤਾਂ ਦੇ ਉਪਦੇਸ਼ਾਂ ਤੇ ਇਤਿਹਾਸ ਦੇ ਪ੍ਰਚਾਰ ਪ੍ਰਸਾਰ ਲਈ ਕਾਰਜ ਕਰਨੇ ਅਤੇ ਗੁਰਮਤਿ ਸਿਧਾਂਤਾਂ ਉਪਦੇਸ਼ਾਂ ਨੂੰ ਮੁਫਤ ਪੁਸਤਕਾਂ ਜ਼ਰੀਏ ਘਰ ਘਰ ਪਹੁੰਚਾਉਣ ਤੇ ਵਿਚਾਰ ਵਟਾਂਦਰਾ ਕੀਤਾ ਗਿਆ।

ਵਿਸ਼ੇਸ਼ ਤੌਰ ਤੇ ਵਿਸ਼ਵ ਪੰਜਾਬੀ ਸਭਾ ਐਡਮਿੰਟਨ ਦੇ ਪ੍ਰਧਾਨ ਦਲਬੀਰ ਸਿੰਘ 'ਰਿਆੜ', ਸਤਨਾਮ ਸਿੰਘ ਗਾਹਲੇ ਤੇ ਬਲਵਿੰਦਰ ਬਾਲਮ ਨਾਲ ਮੁਲਾਕਾਤ ਕਰਕੇ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਤੇ ਸਿੱਖ ਇਤਿਹਾਸ ਨਾਲ ਸੰਬੰਧਤ ਦੋ ਲਘੂ ਫਿਲਮਾਂ ਵੀ ਵਿਖਾਈਆਂ ਗਈਆਂ, ਜਿਸ ਵਿੱਚ ਪ੍ਰਾਚੀਨ ਅਤੇ ਵਰਤਮਾਨ ਹਾਲਾਤਾਂ ਬਾਰੇ ਜ਼ਿਕਰ ਸੀ। ਇਸ ਮੌਕੇ ਤੇ ਮਨਜੀਤ ਸਿੰਘ ਨਰਵਾਲ ਸੰਸਥਾਪਕ ਆਲ ਇਜ਼ ਵੰਨ ਫਾਊਂਡੇਸ਼ਨ ਨੇ ਆਪਣੇ ਸੰਬੋਧਨ ਵਿੱਚ ਕਿਹਾ-

ਕਿ ਅੱਜ ਦੁਨੀਆਂ ਦੇ ਜਿਸ ਪਾਸੇ ਵੀ ਨਜ਼ਰ ਜਾਵੇ ਦਰਦ, ਤਣਾਅ ਅਤੇ ਵੰਡ ਦਿਖਾਈ ਦਿੰਦੀ ਹੈ। ਯੂਕਰੇਨ, ਫਲਸਤੀਨ, ਇਰਾਨ, ਇਜ਼ਰਾਇਲ ਅਤੇ ਅਰਬ ਦੇਸ਼ਾਂ ਵਿੱਚ ਲੋਕ ਪੀੜਤ ਹਨ। ਭਾਰਤ ਵਿੱਚ ਵੀ ਮਜ਼੍ਹਬ ਦੇ ਨਾਂ ਤੇ ਖਿੱਚੋਤਾਣ ਵੱਧ ਰਹੀ ਹੈ। ਇਹੀ ਦਰਾਰਾਂ ਹੁਣ ਸਾਡੇ ਘਰਾਂ ਤੱਕ ਪਹੁੰਚ ਗਈਆਂ ਹਨ। ਪਤੀ ਪਤਨੀ ਵਿਚਕਾਰ ਦੂਰੀਆਂ, ਵੱਧਦੇ ਤਲਾਕ ਤੇ ਪੀੜੀਆਂ ਦਾ ਆਪਸ ਵਿੱਚ ਟੁੱਟਦਾ ਰਿਸ਼ਤਾ। ਇਹ ਸਭ ਵੇਖ ਕੇ ਮਨ ਵਿੱਚ ਇੱਕ ਸਵਾਲ ਉੱਠਦਾ ਹੈ ਕਿ ਅਸੀਂ ਸੱਚ ਮੁੱਚ ਇੱਕ ਦੂਜੇ ਤੋਂ ਇੰਨੇ ਵੱਖਰੇ ਹਾਂ, ਜਿੰਨਾ ਅਸੀਂ ਸਮਝ ਬੈਠੇ ਹਾਂ?



ਗੁਰੂ ਗ੍ਰੰਥ ਸਾਹਿਬ ਜੀ ਦਾ ਆਰੰਭ ਹੀ ੧ਓ (ਇੱਕ ਓਅੰਕਾਰ) ਤੋਂ ਹੁੰਦਾ ਹੈ। ਏਕਤਾ ਦਾ ਸਭ ਤੋਂ ਡੂੰਘਾ ਸੁਨੇਹਾ ਇਹ ਸਿਖਾਉਂਦਾ ਹੈ ਕਿ ਹਰ ਜੀਅ ਅੰਦਰ ਇੱਕੋ ਜੋਤ ਵੱਸਦੀ ਹੈ। ਅਸੀਂ ਸਾਰੇ ਇੱਕੋ ਊਰਜਾ ਨਾਲ ਜੁੜੇ ਹੋਏ ਹਾਂ। 'ਅਜੂਨੀ' ਦਾ ਭਾਵ ਹੈ ਕਿ ਪਰਮਾਤਮਾ ਜਨਮ-ਮਰਨ ਤੋਂ ਪਰੇ ਹੈ, ਕਿਸੇ ਇੱਕ ਸਰੀਰ ਵਿੱਚ ਸੀਮਤ ਨਹੀਂ। ਜੇ ਉਹੀ ਇੱਕ ਜੋਤ ਸਾਰਿਆਂ ਅੰਦਰ ਹੈ ਤਾਂ ਕੋਈ ਵੀ ਮਨੁੱਖ, ਕੌਮ ਜਾਂ ਮਜ਼੍ਹਬ ਉਸ ਸਾਂਝੇ ਸੱਚ ਉੱਤੇ ਆਪਣਾ ਇਕੱਲਾ ਹੱਕ ਨਹੀਂ ਜਤਾ ਸਕਦਾ।

ਜਿਉਂ ਜਿਉਂ ਗੁਰਬਾਣੀ ਨੂੰ ਡੂੰਘਾਈ ਨਾਲ ਸਮਝਦੇ ਹਾਂ ਇਹ ਗੱਲ ਸਾਫ ਹੁੰਦੀ ਜਾਂਦੀ ਹੈ ਕਿ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਕਿਸੇ ਸੰਸਥਾਗਤ ਮਜ਼੍ਹਬ ਲਈ ਨਹੀਂ ਹਨ। ਇਹ ਸਮੁੱਚੀ ਮਨੁੱਖਤਾ ਦੀ ਸਾਂਝੀ ਪੂੰਜੀ ਹਨ। ਇਹਨਾਂ ਦਾ ਮੂਲ ਸੰਦੇਸ਼ ਲੁਕਾਈ ਨੂੰ ਵੰਡਣਾ ਨਹੀਂ ਸਗੋਂ ਜੋੜਨਾ ਹੈ।

ਗੁਰਬਾਣੀ ਸਾਨੂੰ ਉਹ ਕਦਰਾਂ ਕੀਮਤਾਂ ਦਿੰਦੀ ਹੈ ਜੋ ਹਰ ਇਨਸਾਨ ਦੇ ਦਿਲ ਦੀ ਸਾਂਝ ਹਨ- ਦਇਆ, ਸਬਰ ਤੇ ਧੀਰਜ, ਸੱਚ ਤੇ ਇਮਾਨਦਾਰੀ, ਹਲੀਮੀ ਤੇ ਨਿਮਰਤਾ ਅਤੇ ਸਰਬੱਤ ਦਾ ਭਲਾ, ਇਹ ਗੁਣ ਕਿਸੇ ਇੱਕ ਧਰਮ ਦੀ ਮਲਕੀਅਤ ਨਹੀਂ, ਇਹ ਵਿਸ਼ਵ ਭਾਈਚਾਰੇ ਦੀ ਨੀਂਹ ਹਨ। ਜਦੋਂ ਇਹੀ ਨਿਮਰਤਾ ਤੇ ਪ੍ਰੇਮ ਅਸੀਂ ਆਪਣੇ ਘਰ ਲੈ ਆਉਂਦੇ ਹਾਂ ਤਾਂ ਪਤੀ ਪਤਨੀ ਦੇ ਰਿਸ਼ਤੇ ਵਿੱਚ ਇਮਾਨਦਾਰੀ, ਹਲੀਮੀ ਤੇ ਨਿਮਰਤਾ, ਅਤੇ ਸਰਬੱਤ ਦਾ ਭਲਾ। ਜਦੋਂ ਇਹੀ ਨਿਮਰਤਾ ਦੇ ਪ੍ਰੇਮ ਅਸੀਂ ਆਪਣੇ ਘਰ ਲੈ ਆਉਂਦੇ ਹਾਂ ਤਾਂ ਪਤੀ ਪਤਨੀ ਦੇ ਰਿਸ਼ਤੇ ਵਿੱਚ ਸਤਿਕਾਰ ਪਰਤਦਾ ਹੈ ਤੇ ਨੌਜਵਾਨ ਤੇ ਬਿਰਧ ਪੀੜੀਆਂ ਵਿਚਕਾਰ ਨਿੱਘ ਮੁੜ ਜਾਗਦਾ ਹੈ।

ਇਸੇ ਸਮਝ ਨੇ ਸਾਨੂੰ ਕੁਝ ਕਰ ਗੁਜਰਨ ਦੀ ਪ੍ਰੇਰਨਾ ਦਿੱਤੀ। ਆਲ ਇਜ਼ ਵੰਨ ਫਾਊਂਡੇਸ਼ਨ (All Is One Foundation) ਇਸੇ ਭਾਵਨਾ ਨਾਲ ਜਨਮੀ ਇਕ ਗੈਰ ਮੁਨਾਫ਼ਾ ਸੰਸਥਾ ਹੈ। ਇਸ ਦਾ ਮਕਸਦ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਨੂੰ ਸਧਾਰਨ, ਸਹਿਜ ਭਾਸ਼ਾ ਵਿੱਚ ਤੇ ਦੁਨੀਆਂ ਦੀਆਂ ਕਈ ਬੋਲੀਆਂ ਵਿੱਚ ਹਰ ਉਸ ਵਿਅਕਤੀ ਤੱਕ ਪਹੁੰਚਾਉਣਾ ਹੈ ਜੋ ਦਇਆ, ਸਤਿਕਾਰ ਤੇ ਸ਼ਾਂਤੀ ਨਾਲ ਜੀਣਾ ਸਿੱਖਣਾ ਚਾਹੁੰਦਾ ਹੈ।

ਸੰਸਥਾ ਵੱਲੋਂ ਲੋੜਵੰਦਾਂ ਲਈ ਭੋਜਨ ਦੀ ਸੇਵਾ, ਕਿਤਾਬਾਂ ਦਾ ਲੰਗਰ ਅਤੇ ਗੁਰਬਾਣੀ ਦੇ ਸਰਲ ਅਨੁਵਾਦ ਦਾ ਕਾਰਜ ਨਿਰੰਤਰ ਜਾਰੀ ਹੈ। ਕਿਤਾਬਾਂ ਤੋਂ ਇਲਾਵਾ ਆਲ ਇਜ਼ ਵੰਨ ਲਾਈਫ (All Is One Life) ਨਾਂ ਦਾ ਐਪ ਵੀ ਸਭ ਦੀ ਸੇਵਾ ਵਿੱਚ ਹਾਜ਼ਰ ਹੈ, ਜਿਸ ਰਾਹੀਂ ਆਪ ਆਪਣੀ ਭਾਸ਼ਾ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਦੇਸ਼ ਸੁਣ, ਪੜ੍ਹ, ਸਮਝ ਅਤੇ ਸਿੱਖ ਸਕਦੇ ਹੋ। ਏਕਤਾ ਦਾ ਇਹ ਰਾਹ ਕਿਸੇ ਇੱਕ ਕੌਮ ਦਾ ਨਹੀਂ। ਇਹ ਸਾਰੀ ਲੁਕਾਈ ਦਾ ਸਾਂਝਾ ਰਾਹ ਹੈ। ਆਓ ! ਇੱਕੋ ਜੋਤ ਨੂੰ ਪਛਾਣੀਏ ਤੇ ਪਿਆਰ ਦੇ ਇਸ ਰਾਹ 'ਤੇ ਇਕੱਠੇ ਤੁਰੀਏ। ਕਿਉਂਕਿ ਸੱਚ ਤਾਂ ਇਹੀ ਹੈ – ਅਸੀਂ ਸਾਰੇ ਇੱਕ ਹਾਂ।

ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਰੱਖੇ ਅਤੇ ਭਵਿੱਖ ਵਿੱਚ ਪੰਜਾਬੀ ਮਾਂ ਬੋਲੀ ਅਤੇ ਗੁਰਮਤਿ ਸਿਧਾਂਤਾਂ, ਉਪਦੇਸ਼ਾਂ ਨੂੰ ਘਰ ਘਰ ਪਹੁੰਚਾਉਣ ਦੇ ਪ੍ਰਯੋਜਨ ਵੀ ਰੱਖੇ। ਇਸੇ ਇਕੱਤਰਤਾ ਵਿੱਚ ਕੇਵਲ ਸਿੰਘ ਬੱਲ, ਬਲਵਿੰਦਰ ਬਾਲਮ, ਮੈਨੇਜਰ ਕਸ਼ਮੀਰਾ ਸਿੰਘ ਨਿਰਮਾਣ, ਮੈਨੇਜਰ ਨਰਿੰਦਰ ਸਿੰਘ, ਤਜਿੰਦਰ ਪਾਲ ਸਿੰਘ ਰਿਆੜ, ਕਰਨੈਲ ਸਿੰਘ ਪਰਮਾਰ, ਗੁਰਨਾਮ ਸਿੰਘ ਅਟਵਾਲ, ਗੁਰਦਿਆਲ ਸਿੰਘ, ਪਾਰਸ ਮਹੀਨੀਆਂ, ਸਤਨਾਮ ਸਿੰਘ ਗਾਹਲੇ, ਕਾਰਜ ਸਿੰਘ, ਮਾਸਟਰ ਅਜੀਤ ਸਿੰਘ ਖੰਗੂੜਾ, ਸੁਖਦੇਵ ਸਿੰਘ, ਹਰਪਾਲ ਸਿੰਘ ਬੋਪਾਰਾਏ, ਪ੍ਰੀਤ ਹਰਪਾਲ, ਅਵਦੇਸ਼ ਸ਼ਰਮਾ, ਗੁਰਦਿਆਲ ਸਿੰਘ, ਮੋਹਣ ਸਿੰਘ, ਰਵਿੰਦਰ ਕੁਮਾਰ ਬਾਲੀ ਐਡਵੋਕੇਟ ਵਿਪਨ ਮੋਦੀ ਆਦਿ ਬੁਲਾਰਿਆਂ ਨੇ ਵਿਚਾਰ ਰੱਖੇ

## ਪਿੰਡ ਹਰੀ ਨੌਂ ਦੇ ਗੁਰਦੁਆਰਾ ਸਾਹਿਬ ਦੇ ਪਾਰਕ ਵਿੱਚ ਲਾਏ ਗਏ ਬੂਟੇ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 13 ਅਗਸਤ : ਨੇੜਲੇ ਪਿੰਡ ਹਰੀ ਨੌਂ ਵਿਖੇ ਬਾਲਾ ਪ੍ਰੀਤਮ ਅੱਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਵਿਖੇ ਬਣਾਏ ਗਏ ਨਵੇਂ ਪਾਰਕ ਵਿੱਚ ਐਨ ਆਰ ਆਈ ਵੀਰਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਬਾਬਾ ਬਿਧੀ ਚੰਦ ਗੱਤਕਾ ਵੈਲਫੇਅਰ ਐਂਡ ਸਪੋਰਟਸ ਕਲੱਬ, ਮਹਾਂਰਾਣੀ ਜਿੰਦ ਕੌਰ ਸੇਵਾ ਸੁਸਾਇਟੀ ਦੇ ਸਹਿਯੋਗ ਨਾਲ ਛਾਂਦਾਰ, ਸਜਾਵਟੀ ਅਤੇ ਫਲਦਾਰ ਬੂਟੇ ਲਾਏ ਗਏ। ਨਵੇਂ ਬਣਾਏ ਗਏ ਪਾਰਕ ਵਾਸਤੇ ਆਪਣੀ ਬੇਟੀ ਐਸ਼ਮੀਨ ਕੌਰ ਸਿੱਧੂ ਤੇ ਜਪਨਾਜ਼ ਸਿੰਘ ਸਿੱਧੂ ਦੇ ਜਨਮ ਦਿਨ ਤੇ ਸਪੁੱਤਰ ਭਾਈ ਰਾਜਵੰਤ ਸਿੰਘ ਉਰਫ ਰਾਜਾ (ਮਨੀਲਾ) ਦੇ ਪ੍ਰੀਵਾਰ ਵੱਲੋਂ ਮੇਨ ਗੇਟ ਦੀ ਸੇਵਾ ਕੀਤੀ ਗਈ।55,900 ਦੀ ਲਾਗਤ ਨਾਲ ਨਵਾਂ ਲੋਹੇ ਦਾ ਗੇਟ ਬਣਾਇਆ ਗਿਆ। ਪਾਰਕ ਵਿੱਚ ਬੂਟੇ ਲਾਉਣ ਸਮੇਂ ਬਾਬਾ ਪਾਲਾ ਸਿੰਘ ਜੀ ਨੇ ਸੰਗਤਾਂ ਨੂੰ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਾ ਕੇ ਉਹਨਾਂ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ ਤਾਂ ਕਿ ਗੁਰੂ ਨਾਨਕ ਦੇਵ ਜੀ ਦੇ ਪਵਨ ਗੁਰੂ ਪਾਣੀ ਪਿਤਾ ਧਰਤੁ ਦੇ ਸਿਧਾਂਤ ਨੂੰ ਕਾਇਮ ਰੱਖਿਆ ਜਾ ਸਕੇ। ਇਸ ਸਮੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ, ਮੈਂਬਰ ਕੁਲਦੀਪ ਸਿੰਘ, ਮਨਜੀਤ ਸਿੰਘ, ਇਕਬਾਲ ਸਿੰਘ, ਬਾਬਾ ਪਾਲਾ ਸਿੰਘ ਮੁੱਖ ਸੇਵਾਦਾਰ,ਹੈੱਡ ਗ੍ਰੰਥੀ ਜਸਦੀਪ ਸਿੰਘ, ਮਾਸਟਰ ਗੇਜ ਰਾਮ ਭੌਰਾ, ਬਾਬਾ ਮੁਕੰਦ ਸਿੰਘ, ਲਖਵਿੰਦਰ ਸਿੰਘ, ਡਾ: ਕੁਲਵੰਤ ਸਿੰਘ, ਰਿੰਕੂ ਸਿੰਘ ਮੱਤਾ, ਭੁਪਿੰਦਰ ਸਿੰਘ, ਅੰਮ੍ਰਿਤਪਾਲ ਸਿੰਘ (ਪ੍ਰਧਾਨ ਮਹਾਂਰਾਣੀ ਜਿੰਦ ਕੌਰ ਸੇਵਾ ਸੁਸਾਇਟੀ), ਸੁਖਮੰਦਰ ਸਿੰਘ, ਜਗਜੀਤ ਸਿੰਘ (ਪ੍ਰਧਾਨ ਬਾਬਾ ਬਿਧੀ ਚੰਦ ਗੱਤਕਾ ਅਖਾੜਾ) ਡਾ: ਕਰਮਜੀਤ ਸਿੰਘ, ਰੇਸ਼ਮ ਸਿੰਘ, ਬਲ ਸਿੰਘ, ਗੁਰਸਾਹਿਬ ਸਿੰਘ, ਦੀਪ ਸਿੰਘ, ਬੌਬੀ ਕਟਾਰੀਆਂ, ਸਿਦਕ ਕਟਾਰੀਆ, ਬੂਟਾ ਸਿੰਘ ਟੇਲਰ, ਬਲਜੀਤ ਸਿੰਘ ਸੇਵਾਦਾਰ ਅਤੇ ਸਮੂਹ ਸੇਵਾਦਾਰ ਵੀ ਹਾਜ਼ਰ ਸਨ।



## 1947 ਦੇ ਉੱਜੜਿਆਂ ਨੇ ਕਦੇ ਵੀ ਦੇਸ਼ ਵੰਡ ਮਗਰੋਂ ਮਿਲੇ ਵਤਨਾਂ ਨੂੰ ਆਪਣਾ ਵਤਨ ਨਹੀਂ ਮੰਨਿਆ ਸੀ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਬਾਬੂ ਰਜਬ ਅਲੀ ਵੀ ਉਸੇ ਪੀੜ੍ਹੀ ਵਿੱਚੋਂ ਸੀ ਜਿਸ ਦੇ ਮੂੰਹੋਂ ਉਕਾੜੇ(ਪਾਕਿਸਤਾਨ) ਜਾ ਕੇ ਵੀ ਜਨਮ ਭੂਮੀ ਸਾਹੋਕੇ(ਮੋਗਾ) ਮਰਦੇ ਦਮ ਤੀਕ ਨਾ ਨਿਕਲ ਸਕਿਆ।
ਉਸ ਦੀ ਪੋਤਰੀ ਰੇਹਾਨਾ ਰਜਬ ਅਲੀ ਜਦ ਵੀ ਸਾਹੀਵਾਲ ਤੋਂ ਸਾਨੂੰ ਵਿਸ਼ਵ ਪੰਜਾਬੀ ਕਾਨਫਰੰਸ ਵੇਲੇ ਲਾਹੌਰ ਮਿਲਣ ਆਉਂਦੀ ਹੈ ਤਾਂ ਸਾਥੋਂ ਫੁਲਕਾਰੀ ਲੈ ਕੇ ਅੱਖਾਂ ਭਰ ਲੈਂਦੀ ਹੈ। ਆਖਦੀ ਹੈ," ਮੇਰੇ ਬਾਬਲ ਦੇ ਵਤਨੋਂ ਵੀਰ ਭਾਬੀਆਂ ਆਏ ਨੇ। ਪਰਤਦੀ ਜਾਂਦੀ ਵੀ ਨਜ਼ਰ ਪਿੱਛੇ ਹੀ ਰੱਖਦੀ ਹੈ।
ਬਾਬੂ ਰਜਬ ਅਲੀ ਜੀ ਦੀ ਇਹ ਕਵਿਤਾ ਬਹੁਤ ਮੁੱਲਵਾਨ ਹੈ। ਹਰ ਸਾਲ ਇਨ੍ਹਾਂ ਦਿਨਾਂ ਵਿੱਚ ਚੇਤੇ ਆਉਂਦੀ ਹੈ।



ਆਵੇ ਵਤਨ ਪਿਆਰਾ ਚੇਤੇ ਬਾਬੂ ਰਜਬ ਅਲੀ

ਮੰਨ ਲਈ ਜੋ ਕਰਦਾ ਰੱਬ ਪਾਕਿ ਐ।
ਆਉਂਦੀ ਯਾਦ ਵਤਨ ਦੀ ਖ਼ਾਕ ਐ।
ਟੁੱਟ ਫੁੱਟ ਟੁਕੜੇ ਬਣ ਗਏ ਦਿਲ ਦੇ।
ਹਾਏ! ਮੈਂ ਭੁੱਜ ਗਿਆ ਵਾਂਗੂੰ ਖਿੱਲ ਦੇ।
ਭੜਥਾ ਬਣ ਗਈ ਦੇਹੀ ਐ।
ਵਿਛੜੇ ਯਾਰ ਪਿਆਰੇ, ਬਣੀ ਮੁਸੀਬਤ ਕੇਹੀ ਐ?

ਜਾਂਦੇ ਲੋਕ ਨਗਰ ਦੇ ਰਸ ਬੂ।
ਪਿੰਡ ਦੀ ਪਾਉਣ ਫੁੱਲਾਂ ਦੀ ਖ਼ੁਸ਼ਬੂ।
ਹੋ ਗਿਆ ਜਿਗਰ ਫਾੜੀਉਂ-ਫਾੜੀ।
ਵੱਢਦੀ ਚੱਕ ਚਿੰਤਾ ਬਘਿਆੜੀ,
ਹੱਡੀਆਂ ਸਿੱਟੀਆਂ ਚੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਸੋਹਣੀਏ 'ਸਾਹੋ' ਪਿੰਡ ਦੀਏ ਵੀਹੇ।
ਬਚਪਨ ਦੇ ਵਿਚ ਪੜ੍ਹੇ 'ਬੰਬੀਹੇ'।
ਚੂਰੀ ਖੁਆ ਮਾਂ ਪਾਤੇ ਰਸਤੇ।
ਚੱਕ ਲਏ ਕਲਮ ਦਵਾਤਾਂ ਬਸਤੇ।
ਸ਼ੇਰ, ਨਿਰੰਜਣ, ਮਹਿੰਗੇ ਨੇ।
ਭੁਲਦੀਆਂ ਨਾ ਭਰਜਾਈਆਂ, ਪਾਈਆਂ ਘੁੰਮਰਾਂ ਲਹਿੰਗੇ ਨੇ।

ਪੰਜ ਪਾਸ ਕਰਕੇ ਤੁਰ ਗਏ ਮੋਗੇ।
ਮਾਪਿਆਂ ਜਿਉਂਦਿਆਂ ਤੋਂ ਸੁਖ ਭੋਗੇ।
ਪੈਸੇ ਖਾ ਮਠਿਆਈਆਂ ਬਚਦੇ।
ਵੇਂਹਦੇ ਸ਼ਹਿਰ ਸੜਕ ਪਰ ਨਚਦੇ,
ਠੁੰਮ੍ਹ ਠੁੰਮ੍ਹ ਚਕਦੇ ਪੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਕਰ ਐਂਟਰੈਂਸ ਪਾਸ ਸਕੂਲੋਂ।
ਓਵਰਸੀਅਰ ਬਣੇਂ ਰਸੂਲੋਂ।
ਜ਼ਿਲੇ ਪਸ਼ੌਰ ਨਹਿਰ ਵਿੱਚ ਭਰਤੀ।
ਦੌਲਤ ਪਾਣੀ ਵਾਂਗੂੰ ਵਰਤੀ।
ਬਹੁਤ ਬਹਾਰਾਂ ਮਾਣੀਆਂ।
ਸੁਰਖ਼ ਮਖ਼ਮਲਾਂ ਵਰਗੇ, ਫਿਰਨ ਪਠਾਣ ਪਠਾਣੀਆਂ।

ਬਦਲੇ ਜਗਰਾਵਾਂ ਕੋਲੇ 'ਖਾੜੇ'।
ਵਰ੍ਹਦੀਆਂ ਕਣੀਆਂ ਰੂਪ ਦੀਆਂ 'ਤਿਹਾੜੇ'।
ਅਫ਼ਲਾਤੂਨ ਵਰਗੀਆਂ ਅਕਲਾਂ।
ਗੱਭਰੂ ਮੁਟਿਆਰਾਂ ਪਰ ਸ਼ਕਲਾਂ,
ਸੋਹਣੀ ਬਣ ਗਈ ਛੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਜਬ ਜੰਗ ਕਰਦੇ ਬਿਰਟਸ਼-ਜਰਮਣ।
'ਬਸਰੇ' ਵਗ ਗਿਆ ਮਾਂ ਦਾ ਸਰਬਣ।
ਮੁਲਕ ਉਹ ਕੋਹਾਂ ਕਾਫ਼ਾਂ ਤੋਂ ਨੇੜੇ।
ਮਾਰੇ ਸਬਜ਼ ਸ਼ਹਿਰ ਵੱਲ ਗੇੜੇ,
ਵਹਾਂ ਟਿਕਾਣੇ ਪਰੀਆਂ ਦੇ।
ਅਜਬ ਨਜਾਰੇ ਦੇਖੇ, ਰੱਬ ਦੀਆਂ ਕਾਰਾਗਰੀਆਂ ਦੇ।

ਮੁੜ ਪਿਆ ਵੇਖਣ ਪਿੰਡ ਦੀਆਂ ਗਲੀਆਂ।
ਪਿੰਡ ਦੀਆਂ ਮਿੱਟੀਆਂ, ਖੰਡ ਦੀਆਂ ਡਲੀਆਂ।
ਬਾਂਕੇ ਗੱਭਰੂ ਦਿਲ ਨੂੰ ਮੋਹਣੇ।
ਬਿਲਡਿੰਗ ਨਿਊਯਾਰਕ ਤੋਂ ਸੋਹਣੇ,
ਰਹੇ ਚੁਬਾਰੇ ਫੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਮੁਕਤਸਰ, ਢਿੱਪਾਂ ਵਾਲੀ, ਮਹਾਂ ਵੱਧਰ।
ਨੀਤਾਂ ਸਾਫ਼, ਦਿਲਾਂ ਦੇ ਪੱਧਰ।
ਲੋਗ ਐ ਇਨ ਨਗਰਾਂ ਦੇ ਦਾਤੇ।
ਮਾਘੀ ਨ੍ਹਾਉਣ 'ਤੇ ਬੋਹਲ ਲੁਟਾ ਤੇ।
ਦਾਣੇ ਪੀਹਣ ਮਸ਼ੀਨਾਂ ਤੇ।
ਬਚੜੇ ਜਿਉਣ ਸਦਾ ਸੁਖ ਮਾਣਨ, ਬਣ ਗਿਆ ਸੁਰਗ ਜ਼ਮੀਨਾਂ ਤੇ।

ਖ਼ੁਸ਼ੀਆਂ ਕਰਨ ਦੀਵਾਨ ਲਗਾਉਂਦੇ।
ਸੈਣੇ ਵਜਦੇ ਸ਼ਬਦ ਸੁਣਾਉਂਦੇ।
ਆਉਂਦੇ ਪਰਚਾਰਕ ਤੇ ਢਾਡੀ,
ਤੜਕੇ ਉੱਠ ਕੇ ਧੋਂਦੇ ਬਾਡੀ,
ਸ਼ਾਇਰ ਸੁਣਾਉਂਦੇ ਕਬਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਆ ਗਏ ਬਦਲ ਮੁਕਤਸਰੋਂ 'ਢਹਿਪਈ'।
ਬਾਗ਼ੀਂ ਬੁਲਬੁਲ ਕਰੇ ਚਹਿਚਹਿ ਪਈ।
ਵੇਖੇ ਕੋਟ ਫ਼ਰੀਦ ਦੁਸਹਿਰੇ।
ਹੋਵਣ ਲਗਦੇ ਫ਼ੈਰ ਦੁਪਹਿਰੇ,
ਤੋਪਚੀ ਤੋਪ ਚਲਾਵਣ ਜੀ।
ਪਾਪ ਕਰਿਉ ਨਾ, ਪਾਪੀ, ਹਰ ਸਾਲ ਸੜਦਾ ਰਾਵਣ ਜੀ।

ਆ ਗਏ 'ਕੈਰੇ' ਬੜੀ ਆਬਾਦੀ,
ਚਾਹਾਂ ਪੀ ਕੇ ਗੁੱਡਣ ਕਮਾਦੀ।
ਲਾ ਲਏ ਖੇਤ-ਖੇਤ ਵਿੱਚ ਕੂੰਏਂ,
ਖੰਡ ਦੀਆਂ ਡਲੀਆਂ ਨਿਕਲਣ ਧੂੰਏਂ,
ਖਾਂਡ ਬਣਾਉਂਦੇ ਸਭ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਫੇਰ ਮੈਨੂੰ 'ਚੱਕ' ਦਾ ਸੈਕਸ਼ਨ ਦੇ ਗੇ।
ਜੱਗੂ ਰਾਮਣ ਜਾਂਦੇ ਬੇਗੇ।
ਸੋਹਣੇ ਮਿਰਜ਼ੇ ਵਰਗੇ ਲਾੜੇ,
ਬੱਬਰ ਮਾਰ ਸੰਗੀਨਾਂ ਪਾੜੇ,
ਚੜ੍ਹ ਕੇ 'ਚੱਕ' ਨੂੰ ਜਾਣਾ ਸੀ।
ਪੁਲਸੀਆਂ ਵਰਗੀ ਬਿਰਜਸ ਮੇਰਾ ਖਾਖੀ ਬਾਣਾ ਸੀ।

ਜਾਂ ਮੈਂ ਆਉਂਦੇ ਵੇਖੇ ਜਮ 'ਜਹੇ।
ਮੇਰੇ ਉਖੜੇ ਫਿਰਦੇ ਦਮ ਜਹੇ।
ਦੂਰੋਂ ਵੇਖ ਮੈਂ ਦੇ ਗਿਆ ਤੀੜਾਂ।
ਮੇਰੀਆਂ ਪੈਂਦੀਆਂ ਜਾਣ ਪਦੀੜਾਂ,
ਉਡਦੀ ਜਾਂਦੀ ਗੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

'ਸੀਤੋ', 'ਬਿਸ਼ਨਪੁਰੇ', 'ਸੁਖਚੈਨ' ਐ।
ਏਧਰ ਮਿਰਗ ਜ਼ਿਆਦਾ ਰਹਿਣ ਐ।
ਮੁਛਦੇ ਫਿਰਦੇ ਹਾੜ੍ਹੀ ਸਾਉਣੀ।
ਹੀਰਿਆਂ ਹਰਨਾਂ ਜਿਹਾਂ ਦੀ ਛਾਉਣੀ।
ਹੈ ਵਿੱਚ ਖੁਲ੍ਹੀਆਂ ਰੋਹੀਆਂ ਦੇ।
ਵੜਨ ਨਾ ਦੇਣ ਸ਼ਿਕਾਰੀ, ਬਾਰਾਂ ਪਿੰਡ ਬਿਸ਼ਨੋਈਆਂ ਦੇ।

'ਤਿਹੁਣੇ', 'ਰਾਇਕੇ', 'ਮਾਹੂਆਣੇ'।
'ਬਾਦਲ', 'ਖੁੱਡੀਆਂ', 'ਅਬੁਲ-ਖੁਰਾਣੇ',
ਕੁੱਲ ਸਰਦਾਰ ਨਵਾਬਾਂ ਵਰਗੇ,
ਕੋਠੇ ਨਰਮਿਆਂ ਦੇ ਨਾਲ ਭਰ ਗੇ,
ਇਨ ਪਰ ਰਾਜ਼ੀ ਰੱਬ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

ਬੈਠਾ 'ਬਾਜਕ', 'ਲੰਬੀ', 'ਸਹੁਜਾਂ'।
'ਜੰਘੀਰਾਣੇ' ਲੈ ਲੀਆਂ ਮੌਜਾਂ।
'ਝੁੰਬਾ', 'ਗਿਦੜਵਾਹਾ' ਤੇ 'ਚੁੱਘੇ'।
'ਬਾਬੂ ਰਜਬ ਅਲੀ' ਹੋਸ ਗਏ ਉੱਘੇ।
ਮੇਲੇ ਵੇਖ ਬਠਿੰਡੇ ਜੀ।
ਖਾੜੇ ਫ਼ਤਹਿ, ਅਜ਼ੀਜ਼ ਲਗਾਉਂਦੇ, ਜੈਸੇ ਟੀਕਣ ਬਿੰਡੇ ਜੀ।

ਸੁਣ ਜਗਮੇਲ, ਬਸੰਤ ਪਿਆਰਿਉ।
ਪਰ ਜਿੰਦ ਰੱਬ ਦੇ ਨਾਂ ਤੇ ਵਾਰਿਉ।
ਪੈਂਦਾ ਸੁੱਤਾ ਜਾਗ ਨਸੀਬਾ।
ਜਾਂਦਾ ਕਿਸਮਤ ਦੇ ਨਾਲ ਬੀਬਾ,
ਜਨਮ ਅਮੋਲਕ ਲੱਭ ਤਾਂ ਜੀ।
ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।

## ਪੰਥਕ ਧਿਰਾਂ ਸਹਿਮਤੀ ਨਾਲ ਟਿਕਟਾਂ ਵੰਡ ਲੈਣ...

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਆਉਣ ਵਾਲੀਆਂ ਹਨ ਤੇ ਇਸ ਸਮੇਂ ਚੋਣਾਂ ਲੜਨ ਵਾਲੀਆਂ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਏਕਤਾ ਕਰਦਿਆਂ ਬੜੀ ਸਮਝਦਾਰੀ ਤੇ ਸਿਆਣਪ ਨਾਲ ਚੱਲਣ ਦੀ ਲੋੜ ਹੈ ਤਾਂ ਜੋ ਪੰਜਾਬ ਵਿੱਚ ਪੰਥਕ ਧਿਰਾਂ ਦੀ ਸਰਕਾਰ ਬਣ ਸਕੇ। ਸਮੂਹ ਪੰਥਕ ਧਿਰਾਂ ਨੂੰ ਆਪਸੀ ਸਹਿਮਤੀ ਬਣਾਉਂਦਿਆਂ 117 ਹਲਕਿਆਂ ਵਿੱਚੋਂ ਟਿਕਟਾਂ ਵੰਡ ਲੈਣੀਆਂ ਚਾਹੀਦੀਆਂ ਹਨ। ਪੰਥਕ ਧਿਰਾਂ ਨੂੰ ਇੱਕ-ਦੂਜੇ ਦੇ ਖ਼ਿਲਾਫ਼ ਆਪਣੇ ਪੰਥਕ ਉਮੀਦਵਾਰ ਖੜ੍ਹੇ ਨਹੀਂ ਕਰਨੇ ਚਾਹੀਦੇ ਹਨ, ਇਸ ਨਾਲ ਸੰਗਤ ਵਿੱਚ ਨਿਰਾਸ਼ਾ ਵੀ ਆਵੇਗੀ ਅਤੇ ਵੋਟਾਂ ਵੀ ਵੰਡੀਆਂ ਜਾਣਗੀਆਂ ਤੇ ਕਰਾਰੀ ਹਾਰ ਦਾ ਮੂੰਹ ਵੇਖਣਾ ਪਵੇਗਾ। ਚੋਣਾਂ ਜਿੱਤਣੀਆਂ ਹਨ ਜਾਂ ਹਾਰਨੀਆਂ ਹਨ ਇਹ ਤਾਂ ਹੁਣ ਪੰਥਕ ਧਿਰਾਂ ਦੇ ਆਗੂਆਂ ਦੇ ਹੱਥਾਂ ਵਿੱਚ ਹੀ ਫ਼ੈਸਲਾ ਹੈ। ਜੇ ਰਲ ਕੇ ਚੱਲੋਗੇ ਤਾਂ ਪੰਜਾਬ ਦੀ ਸੱਤਾ ਤੁਹਾਡੇ ਹੱਥਾਂ ਵਿੱਚ ਆਉਣ ਤੋਂ ਕੋਈ ਨਹੀਂ ਰੋਕ ਸਕਦਾ ਪਰ ਜੇਕਰ ਇੱਕ-ਦੂਜੇ ਦੀਆਂ ਲੱਤਾਂ ਖਿੱਚੀਆਂ, ਇਲਜ਼ਾਮਬਾਜੀਆਂ ਕੀਤੀਆਂ, ਆਪੋ-ਆਪਣੇ ਉਮੀਦਵਾਰ ਖੜ੍ਹੇ ਕੀਤੇ ਤਾਂ ਆਮ ਲੋਕ ਤੁਹਾਡੇ ਵੱਲ ਮੂੰਹ ਨਹੀਂ ਕਰਨਗੇ ਤੇ ਨਿਰੋਲ ਪੰਥਕ ਵੋਟ ਵੀ ਕਈ ਹਿੱਸਿਆਂ ਵਿੱਚ ਵੰਡੀ ਜਾਵੇਗੀ ਫਿਰ ਤਾਂ ਪੰਥਕ ਧਿਰਾਂ ਹਾਰਨ ਦਾ ਰਿਕਾਰਡ ਪੈਦਾ ਕਰ ਦੇਣਗੀਆਂ ਤੇ ਜੇਕਰ ਸਾਰਿਆਂ ਨੇ ਪੰਥ ਅਤੇ ਪੰਜਾਬ ਦੇ ਸੁਨਹਿਰੇ ਭਵਿੱਖ ਲਈ ਇੱਕਮੁੱਠ ਹੋਣ ਦਾ ਫ਼ੈਸਲਾ ਕਰ ਲਿਆ ਤਾਂ ਪੰਥਕ ਸਿਆਸਤ ਦਾ ਬੋਲਬਾਲਾ ਹੋ ਜਾਵੇਗਾ ਤੇ ਸੰਨ 1989 ਵਾਲਾ ਸ਼ਾਨਾਮੱਤਾ ਇਤਿਹਾਸ ਦੁਹਰਾਇਆ ਜਾਏਗਾ।



ਸੰਨ 1992 ਵਿੱਚ ਬੁੱਚੜ ਬਿਅੰਤ ਸਿਹੁੰ ਨੇ ਮੁੱਖ ਮੰਤਰੀ ਬਣ ਕੇ ਪੰਜਾਬ ਉੱਤੇ ਬੜਾ ਕਹਿਰ ਕੀਤਾ ਸੀ ਤੇ ਜੁਝਾਰੂ ਸਿੰਘਾਂ ਨੇ ਉਸ ਨੂੰ ਬੰਬ ਨਾਲ ਉਡਾਅ ਦਿੱਤਾ। ਫਿਰ ਕਾਂਗਰਸ ਸਰਕਾਰ ਦੇ ਖ਼ਾਤਮੇ ਲਈ ਪੰਜਾਬ ਵਾਸੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਕਾਹਲੇ ਸਨ ਤਾਂ ਜੋ ਇਨਸਾਫ਼ ਦੀ ਕੋਈ ਉਮੀਦ ਨਜ਼ਰੀਂ ਆਏਗੀ। 1997 ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਤਾਂ ਬਣ ਗਈ ਪਰ ਉਸ ਨੇ ਪੰਥ ਅਤੇ ਪੰਜਾਬ ਨਾਲ ਅਜਿਹੀ ਗ਼ੱਦਾਰੀ ਕੀਤੀ ਕਿ ਉਸ ਤੋਂ ਅੱਕ ਕੇ ਲੋਕਾਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ 2002 ਵਿੱਚ ਲੈ ਆਂਦੀ। ਕੈਪਟਨ ਵੀ ਪੰਜਾਬ ਦਾ ਨਾ ਹੋ ਕੇ ਦਿੱਲੀ ਦਾ ਭਗਤ ਬਣ ਗਿਆ, ਲੋਕਾਂ ਨੇ 2007 ਵਿੱਚ ਫਿਰ ਬਾਦਲਾਂ ਦੀ ਸਰਕਾਰ ਬਣਾਈ ਕੀ ਸ਼ਾਇਦ ਹੁਣ ਹੀ ਕੁਝ ਕਰਨਗੇ ਤੇ 2012 ਵਿੱਚ ਫਿਰ ਇਸੇ ਸਰਕਾਰ ਨੂੰ ਜਿਤਾਇਆ ਪਰ ਬਾਦਲ ਨੇ ਸੰਨ 2015 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬੇਅਦਬੀ ਦੇ ਦੋਸ਼ੀਆਂ ਨੂੰ ਬਚਾ ਕੇ ਅਤੇ ਇਨਸਾਫ਼ ਮੰਗਦੇ ਸਿੰਘਾਂ ਨੂੰ ਸ਼ਹੀਦ ਕਰਕੇ ਤੇ ਡੇਰਾ ਸਿਰਸਾ ਨੂੰ ਮਾਫ਼ੀ ਦੇ ਕੇ ਕਲੰਕ ਲਵਾ ਲਿਆ। ਉਸ ਸਮੇਂ ਪੰਜਾਬ ਵਾਸੀਆਂ ਨੂੰ ਐਨਾ ਰੋਹ ਤੇ ਰੋਸ ਆਇਆ ਕਿ ਬਾਦਲਾਂ ਨੂੰ ਗੱਦੀ ਤੋਂ ਲਾਹ ਮਾਰਿਆ ਤੇ ਬੇਅਦਬੀਆਂ ਦੇ ਇਨਸਾਫ਼ ਅਤੇ ਨਸ਼ੇ ਦੇ ਖ਼ਾਤਮੇ ਲਈ ਮੁੜ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣ ਗਈ ਪਰ ਉਸ ਨੇ ਗ਼ੱਦਾਰ ਬਾਦਲਕਿਆਂ ਨਾਲ ਯਾਰੀ ਨਿਭਾਈ।

ਫਿਰ ਪੰਜਾਬ ਵਾਸੀਆਂ ਨੇ ਫ਼ੈਸਲਾ ਕਰ ਲਿਆ ਕਿ ਹੁਣ ਬਾਦਲ-ਕੈਪਟਨ ਦੋਵੇਂ ਨਹੀਂ ਮਨਜ਼ੂਰ ਤੇ ਕਿਸੇ ਤੀਸਰੀ ਧਿਰ ਨੂੰ ਅੱਗੇ ਲਿਆਉਣਾ ਹੈ। ਤੇ '24 ਘੰਟਿਆਂ ਵਿੱਚ ਬੇਅਦਬੀ ਦਾ ਇਨਸਾਫ਼ ਦੇਵਾਂਗੇ' ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਗਈ ਤੇ ਇਹਨਾਂ ਦੇ 92 ਵਿਧਾਇਕਾਂ ਨੂੰ ਜਿਤਾਇਆ ਗਿਆ ਪਰ ਇਹ ਵੀ ਬਾਦਲ-ਕੈਪਟਨ ਵਾਂਗ ਨਖਿੱਧ ਨਿਕਲੇ। ਜਿਵੇਂ ਪਹਿਲਾਂ ਬਾਦਲਾਂ ਨੂੰ, ਫਿਰ ਕੈਪਟਨ ਨੂੰ ਹਰਾਉਣ ਲਈ ਲੋਕ ਉਤਾਵਲੇ ਸਨ ਉਸੇ ਤਰ੍ਹਾਂ ਹੁਣ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਨੂੰ ਵੀ ਸਬਕ ਸਿਖਾਉਣ ਲਈ ਪੰਜਾਬ ਵਾਸੀ ਕਮਰਕੱਸੇ ਕਰੀ ਬੈਠੇ ਹਨ ਤੇ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਦੀ ਪਾਰਟੀ ਪੂਰੀ ਚਰਚਾ ਵਿੱਚ ਹੈ ਤੇ ਆਪ ਮੁਹਾਰੇ ਹੀ ਇਹਨਾਂ ਨੂੰ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ। ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਬਾਪੂ ਤਰਸੇਮ ਸਿੰਘ ਇਸ ਦੀ ਅਗਵਾਈ ਕਰ ਰਹੇ ਹਨ ਤੇ ਦੂਜੇ ਪਾਸੇ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ, ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਦੀ ਅਗਵਾਈ ਵਾਲੀ ਪਾਰਟੀ ਇੰਟਰਨੈਸ਼ਨਲ ਪੰਥਕ ਦਲ, ਭਾਈ ਗੁਰਦੀਪ ਸਿੰਘ ਬਠਿੰਡਾ ਅਤੇ ਭਾਈ ਮੋਹਕਮ ਸਿੰਘ ਦੀ ਪਾਰਟੀ ਯੂਨਾਈਟਿਡ ਅਕਾਲੀ ਦਲ, ਭਾਈ ਅਜੇਪਾਲ ਸਿੰਘ ਬਰਾੜ ਦੀ ਪਾਰਟੀ ਮਿਸਲ ਸਤਲੁਜ, ਕੌਮੀ ਯੋਧੇ ਭਾਈ ਸੰਦੀਪ ਸਿੰਘ ਸੰਨੀ ਦੇ ਭਰਾ ਭਾਈ ਮਨਦੀਪ ਸਿੰਘ ਦੀ ਨਵੀਂ ਪਾਰਟੀ ਆਜ਼ਾਦ ਗਰੁੱਪ ਤੇ ਕੁਝ ਹੋਰ ਪੰਥਕ ਧਿਰਾਂ ਵੀ ਚੋਣ ਮੈਦਾਨ ਵਿੱਚ ਪੂਰੀਆਂ ਸਰਗਰਮ ਹਨ। ਸ. ਸਿਮਰਨਜੀਤ ਸਿੰਘ ਮਾਨ ਅਤੇ ਭਾਈ ਜਸਬੀਰ ਸਿੰਘ ਰੋਡੇ ਵਾਰ-ਵਾਰ ਏਕਤਾ ਦਾ ਹੋਕਾ ਦੇ ਰਹੇ ਹਨ।

ਇਸ ਸਮੇਂ ਚਾਹੀਦਾ ਹੈ ਕਿ 117 ਹਲਕਿਆਂ ਵਿੱਚੋਂ 65 ਸੀਟਾਂ ਅਕਾਲੀ ਦਲ ਵਾਰਿਸ ਪੰਜਾਬ ਵਾਲੇ ਰੱਖ ਲੈਣ ਤੇ ਬਾਕੀ ਸਾਰੀਆਂ ਸੀਟਾਂ ਸਿਮਰਨਜੀਤ ਸਿੰਘ ਮਾਨ, ਗਿਆਨੀ ਹਰਪ੍ਰੀਤ ਸਿੰਘ, ਭਾਈ ਜਸਬੀਰ ਸਿੰਘ ਰੋਡੇ ਅਤੇ ਹੋਰ ਪੰਥਕ ਧਿਰਾਂ ਲਈ ਸਹਿਮਤੀ ਨਾਲ ਛੱਡ ਦੇਣ ਜੋ ਉਹ ਆਪਸ ਵਿੱਚ ਵੰਡ ਲੈਣਗੇ ਜਿਸ-ਜਿਸ ਇਲਾਕੇ ਵਿੱਚ ਜਿਸ-ਜਿਸ ਪੰਥਕ ਪਾਰਟੀ ਦਾ ਜ਼ੋਰ ਹੋਵੇਗਾ ਉਹ ਆਪਣੇ ਉਮੀਦਵਾਰਾਂ ਲਈ ਸਿਰਫ਼ ਉਥੋਂ ਹੀ ਸੀਟਾਂ ਲੈਣ। ਇਸ ਤਰ੍ਹਾਂ ਪੰਥਕ ਧਿਰਾਂ ਦੀ ਜਿੱਤ ਯਕੀਨੀ ਹੋ ਸਕਦੀ ਹੈ। ਤ੍ਰਾਸਦੀ ਦੀ ਗੱਲ ਇਹ ਹੈ ਕਿ ਪੰਥਕ ਧਿਰਾਂ ਤਾਂ ਇਕੱਠੀਆਂ ਨਹੀਂ ਹੋ ਰਹੀਆਂ ਪਰ ਪੰਥ ਵਿਰੋਧੀ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਦੇ ਇਕੱਠੇ ਹੋਣ ਦੇ ਆਸਾਰ ਬਣ ਰਹੇ ਹਨ। ਜੇ ਪੰਥਕ ਧਿਰਾਂ ਨੇ ਹੁਣ ਵੀ ਮੌਕਾ ਨਾ ਸੰਭਾਲਿਆ ਤਾਂ ਪੰਥਕ ਸਿਆਸਤ ਹਾਸ਼ੀਏ ਉਤੇ ਧੱਕੀ ਜਾਵੇਗੀ, ਫਿਰ ਪੰਥ ਅਤੇ ਪੰਜਾਬ ਨੂੰ ਮਿਹਣਾ ਨਾ ਮਾਰਿਓ ਸਗੋਂ ਆਪਣੀ ਹਾਰ ਲਈ ਤੁਸੀਂ ਖ਼ੁਦ ਜ਼ਿੰਮੇਵਾਰ ਹੋਵੋਗੇ। ਇਹ ਗੱਲ ਪੱਕੀ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਚਿਹਰੇ ਅਤੇ ਪ੍ਰਭਾਵ ਕਰਕੇ ਪੰਜਾਬ ਦੀ ਸਿੱਖ ਜਵਾਨੀ ਦੀ ਵੋਟ ਵੱਡੀ ਪੱਧਰ ਉੱਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਹੱਕ ਵਿੱਚ ਭੁਗਤੇਗੀ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਪਰਿਵਾਰ ਦੀ ਵੱਡੀ ਕੁਰਬਾਨੀ ਹੈ ਇਸ ਕਰਕੇ ਸੰਤਾਂ ਦੇ ਭਤੀਜੇ ਭਾਈ ਜਸਬੀਰ ਸਿੰਘ ਰੋਡੇ ਅਤੇ ਸੰਤਾਂ ਦੇ ਸੰਘਰਸ਼ ਨੂੰ ਅਗਾਂਹ ਤੋਰਨ ਵਾਲੇ ਸ. ਸਿਮਰਨਜੀਤ ਸਿੰਘ ਮਾਨ ਅਤੇ ਬਾਦਲਾਂ ਤੋਂ ਫ਼ਖ਼ਰ-ਏ-ਕੌਮ ਦਾ ਅਵਾਰਡ ਖੋਹਣ ਵਾਲੇ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਬਾਪੂ ਤਰਸੇਮ ਸਿੰਘ ਜੀ ਨਾਲ ਲੈ ਕੇ ਚੱਲਣ। ਸਾਰੀਆਂ ਪੰਥਕ ਧਿਰਾਂ ਏਕਤਾ ਦੇ ਫਾਰਮੂਲੇ ਨੂੰ ਅਪਣਾਉਣ ਤੇ ਇਸ ਵਿੱਚ ਹੀ ਸਾਰੀਆਂ ਪੰਥਕ ਧਿਰਾਂ ਅਤੇ ਪੰਥ ਤੇ ਪੰਜਾਬ ਦਾ ਭਲਾ ਹੈ। ਨਹੀਂ ਤਾਂ ਫਿਰ ਕਾਂਗਰਸ, ਬਾਦਲ, ਭਾਜਪਾ ਅਤੇ ਭਗਵੰਤ ਮਾਨ ਹੀ ਪੰਜਾਬ ਵਾਸੀਆਂ ਉੱਤੇ ਮੁੜ ਰਾਜ ਕਰੇਗਾ। ਹੁਣ ਪੰਥਕ ਧਿਰਾਂ ਖ਼ੁਦ ਹੀ ਫ਼ੈਸਲਾ ਕਰ ਲੈਣ ਕਿ ਉਹਨਾਂ ਨੇ ਜਿੱਤਣਾ ਹੈ ਜਾਂ ਹਾਰਨਾ ਹੈ!

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਮੈਂ ਤਾਂ ਕਿਧਰੇ ਜਾਣਾ ਸੀ ਮਜ਼ਬੂਰੀ ਸੀ।
ਤੈਨੂੰ ਕਿਹੜਾ ਏਨਾਂ ਕੰਮ ਜ਼ਰੂਰੀ ਸੀ।
ਬਿਲਕੁਲ ਮੇਰੇ ਲਾਗੇ ਆ ਕੇ ਬਹਿਣਾ ਏਂ,
ਫਿਰ ਵੀ ਕਹਿਣਾਂ ਕੋਹਾਂ ਮੀਲਾਂ ਦੂਰੀ ਸੀ।
ਤੜਕ ਸਵੇਰੇ ਸੂਰਜ ਏਦਾਂ ਚੜ੍ਹਿਆ ਹੈ,
ਦਰਿਆ ਉਪਰ ਤਰਦੀ ਰੁੱਤ ਸਿੰਧੂਰੀ ਸੀ।
ਤੂੰ ਹੀਂ ਮੌਕੇ ਉਤੇ ਆ ਕੇ ਮੁਕਰ ਗਿਆ,
ਅਪਣੇ ਵੱਲੋਂ ਤਾਂ ਪੱਕੀ ਮੰਨਜ਼ੂਰੀ ਸੀ।
ਉਸ ਦੇ ਹੱਥਾਂ ਦੇ ਵਿਚ ਛਾਲੇ ਪੱਕ ਚੁੱਕੇ,
ਸਾਰੀ ਉਮਰੇ ਕੀਤੀ ਉਸ ਮਜ਼ਦੂਰੀ ਸੀ।
ਬੇਸ਼ਕ ਨੇਰ੍ਹੇ ਦੇ ਵਿਚ ਥਾਂ-ਥਾਂ ਭਟਕ ਰਹੀ,
ਐਪਰ ਧੁੱਪ ਦੀ ਕਾਤਰ ਫਿਰ ਵੀ ਨੂਰੀ ਸੀ।
ਚਿਹਰੇ ਦੇ ਵਿਚ ਸੂਰਜ ਕੋਈ ਚਮਕ ਰਿਹਾ,
ਇਸ ਦੇ ਪਿਛੇ ਦੇਸੀ ਘਿਉ ਦੀ ਚੂਰੀ ਸੀ।
ਰਖਵਾਲੀ ਤਾਂ ਕੰਢੇ ਸਾਰੇ ਕਰਦੇ ਨੇ,
ਕਿਹੜੀ ਗੱਲੇ ਫੁੱਲਾਂ ਵਿਚ ਮਗ਼ਰੂਰੀ ਸੀ।
ਬਾਰਿਸ਼ ਦਾ ਅਨੁਮਾਨ ਲਗਾਉਣਾ ਠੀਕ ਨਹੀਂ,
ਬੱਦਲਾਂ ਦੀ ਅੱਖ ਹਾਲੇ ਥੋੜ੍ਹੀ ਭੂਰੀ ਸੀ।
ਲੱਖਾਂ ਫ਼ਨੀਅਰ ਸੱਪ ਵਲੇਵੇ ਖਾਂਦੇ ਪਏ,
ਵਰਮੀ ਵਾਂਗੂੰ ਉਸ ਦੇ ਮੱਥੇ ਘੂਰੀ ਸੀ।
ਤੇਰੇ ਉਪਰ ਪੂਰਾ ਨਾਵਲ ਲਿਖ ਦਿੱਤਾ,
ਫਿਰ ਵੀ ਉਸ ਵਿਚ ਸਾਰੀ ਗੱਲ ਅਧੂਰੀ ਸੀ।
ਹਰ ਰਾਹੀ ਦਾ ਕਿਉਂ ਨਾ ਮਨ ਲਲਚਾਏ ਫਿਰ,
ਉਸ ਰੁੱਖ ਉਤੇ ਹਰ ਅੰਬੀ ਸਿੰਧੂਰੀ ਸੀ।
ਭਵਿੱਖ 'ਚ ਬਾਲਮ ਉਸ ਨੂੰ ਲਭਦਾ ਫਿਰਦਾ ਹੈ,
ਬੀਤੇ ਸਮਿਆਂ ਅੰਦਰ ਜੋ ਕਸਤੂਰੀ ਸੀ।